ਸਾਡੀ ਗਿਣਤੀ ਕਰੋ 2020

ਗਿਣੇ ਜਾਣ ਵਿਚ ਸ਼ਕਤੀ ਹੈ

ASIAN AMERICANS ADVANCING JUSTICE

COUNTUSIN2020.ORG

# 2020 ਦੀ ਜਨਗਿਣਤੀ ਤੁਹਾਡੇ ਭਾਈਚਾਰੇ ਤੇ ਕਿਵੇਂ ਅਸਰ ਪਾਉਂਦੀ ਹੈ

***ਸਵਾਲ? ਅੰਗ੍ਰੇਜ਼ੀ ਅਤੇ ਹੋਰ ਭਾਸ਼ਾਵਾਂ ਵਿੱਚ ਸਹਾਇਤਾ ਲਈ ਸਾਡੀ ਮਰਦਮਸ਼ੁਮਾਰੀ ਦੀ ਹਾਟਲਾਈਨ ਨੂੰ 844-2020-API ਤੇ ਕਾਲ ਕਰੋ। ਵਧੇਰੇ ਜਾਣਕਾਰੀ ਲਈ www.CountUsIn2020.org/hotline ਤੇ ਜਾਓ।***

## ਵਰਤਮਾਨ ਨੂੰ ਸੁਰੱਖਿਅਤ ਕਰੋ, ਭਵਿੱਖ ਵਿੱਚ ਨਿਵੇਸ਼ ਕਰੋ

ਜਨਗਿਣਤੀ ਸਬੰਧੀ ਸੂਚੀ ਇਹ ਯਕੀਨੀ ਬਣਾਉਣ ਵਿੱਚ ਮਦਦ ਕਰਦਾ ਹੈ ਕਿ ਤੁਹਾਡਾ ਪਰਿਵਾਰ ਅਤੇ ਭਾਈਚਾਰਾ ਇਸ ਗੱਲ ‘ਤੇ ਅਸਰ ਪਾ ਕੇ ਪ੍ਰਫੁੱਲਤ ਹੋ ਸਕਦਾ ਹੈ ਕਿ ਸੰਘੀ ਫੰਡਾਂ ਵਿਚਲੇ $800 ਬਿਲੀਅਨ ਸਾਲਾਨਾ ਤੌਰ ‘ਤੇ ਭਾਈਚਾਰਿਆਂ ਵਿੱਚ ਕਿਵੇਂ ਵੰਡੇ ਜਾਂਦੇ ਹਨ।

*ਇਹ ਤੁਹਾਡੇ ਭਾਈਚਾਰੇ ਲਈ ਕਿਵੇਂ ਫ਼ਾਇਦੇਮੰਦ ਹੈ?*

- ਮੈਡੀਕੇਡ ਅਤੇ ਮੈਡੀਕੇਅਰ
- ਹਾਈਵੇ ਫੰਡਿੰਗ
- ਸੈਕਸ਼ਨ 8 ਹਾਉਸਿੰਗ ਵਾਉਚਰਜ਼
- ਪੂਰਕ ਪੋਸ਼ਣ ਸਹਾਇਤਾ ਪ੍ਰੋਗਰਾਮ
- Head Start/ਹੈਡਸਟਾਰਟ
- ਵਿਸ਼ੇਸ਼ ਸਿੱਖਿਆ ਗ੍ਰਾਂਟਾਂ
- ਬਾਲ ਸੰਭਾਲ ਅਤੇ ਵਿਕਾਸ ਬਲਾਕ ਗਰਾਂਟ
- ਲਾਇਬ੍ਰੇਰੀਆਂ ਅਤੇ ਹਸਪਤਾਲ
- ਅਤੇ ਹੋਰ ਬਹੁਤ ਕੁਝ

## ਆਪਣੇ ਭਾਈਚਾਰੇ ਲਈ ਵਸੀਲੇ ਪ੍ਰਾਪਤ ਕਰੋ

ਤੁਹਾਡੇ ਭਾਈਚਾਰੇ ਵਿੱਚ ਗਿਣਤੀ ਕੀਤਾ ਜਾਣ ਵਾਲੇ ਹਰੇਕ ਵਿਅਕਤੀ ਦਾ ਮਤਲਬ ਹੈ, ਵਾਧੂ ਸਰਕਾਰੀ ਡਾਲਰ, ਜੋ ਉੱਥੇ ਪਹੁੰਚਦੇ ਹਨ। ਦੂਜੇ ਪਾਸੇ, ਹਰ ਉਸ ਵਿਅਕਤੀ ਲਈ, ਜੋ ਜਨ ਗਿਣਤੀ ਵਿੱਚ ਭਾਗ ਨਹੀਂ ਲੈਂਦਾ, ਹਰ ਸਾਲ ਤੁਹਾਡੇ ਭਾਈਚਾਰੇ ‘ਤੇ ਹਜ਼ਾਰਾਂ ਡਾਲਰਾਂ ਦਾ ਖ਼ਰਚ ਪੈਂਦਾ ਹੈ। ਕਿਉਂਕਿ ਜਨ ਗਿਣਤੀ ਹਰ 10 ਸਾਲਾਂ ਵਿੱਚ ਸਿਰਫ਼ ਇੱਕ ਵਾਰ ਹੁੰਦੀ ਹੈ, ਇਸਲਈ ਇਹ ਹਾਨੀ 2030 ਤੱਕ ਹਰ ਸਾਲ ਹੋਵੇਗੀ, ਸਿਰਫ਼ ਇਹੀ ਨਹੀਂ, ਬਹੁਤ ਸਾਰੇ ਵਸੀਲੇ ਵੀ ਖੁੰਝ ਜਾਂਦੇ ਹਨ।

ਜਨਗਿਣਤੀ ਵਿੱਚ ਭਾਗ ਲੈਣ ਦਾ ਮਤਲਬ ਹੈ ਕਿ ਤੁਸੀਂ ਪੈਸੇ ਵਿੱਚੋਂ ਆਪਣੇ ਭਾਈਚਾਰੇ ਦੇ ਉਚਿਤ ਹਿੱਸੇ ਦਾ ਦਾਅਵਾ ਕਰ ਰਹੇ ਹੋ। ਉਹ ਪੈਸਾ ਨਾ ਖੁੰਝਾਓ, ਜਿਸ ਲਈ ਤੁਹਾਡਾ ਭਾਈਚਾਰਾ ਹੱਕਦਾਰ ਹੈ।

## ਯਕੀਨੀ ਬਣਾਓ ਕਿ ਤੁਹਾਡਾ ਭਾਈਚਾਰਾ ਦਿਸਣਯੋਗ ਹੋਵੇ

ਜਨਗਿਣਤੀ ਸਬੰਧੀ ਸੂਚੀ ਨਾ ਸਿਰਫ਼ ਸਰਕਾਰੀ ਪੈਸੇ ਨੂੰ ਨਿਰਧਾਰਤ ਕਰਨ ਲਈ ਵਰਤਿਆ ਜਾਂਦਾ ਹੈ, ਬਲਕਿ ਇਸ ਬਾਰੇ ਫ਼ੈਸਲੇ ਲੈਣ ਵਾਲਿਆਂ ਨੂੰ ਸੂਚਿਤ ਕਰਨ ਲਈ ਵੀ ਵਰਤਿਆ ਜਾਂਦਾ ਹੈ ਕਿ ਵਸੀਲਿਆਂ ਦਾ ਨਿਵੇਸ਼ ਕਿੱਥੇ ਕੀਤਾ ਜਾਵੇ। ਅਬਾਦੀ ਸਬੰਧੀ ਸੂਚੀ ਦਾ ਤੁਹਾਡੇ ਭਾਈਚਾਰੇ ‘ਤੇ ਬਹੁਤ ਜ਼ਿਆਦਾ ਅਸਰ ਹੁੰਦਾ ਹੈ ਕਿਉਂਕਿ ਸੂਚੀ ਯੋਜਨਾਬੰਦੀ ਅਤੇ ਨਿਵੇਸ਼ ‘ਤੇ ਅਸਰ ਪਾਉਂਦਾ ਹੈ।

ਜਦੋ ਸਹੀ ਗਿਣਤੀ ਹੁੰਦੀ ਹੈ,

- ਸਥਾਨਕ ਸਕੂਲ ਜ਼ਿਲ੍ਹਿਆਂ ਨੂੰ ਪਤਾ ਹੋਵੇਗਾ ਕਿ ਨਵੇਂ ਸਕੂਲ ਕਿੱਥੇ ਬਣਾਉਣੇ ਹਨ ਜਾਂ ਮੌਜੂਦਾ ਸਕੂਲਾਂ ਦਾ ਵਿਸਤਾਰ ਕਰਨਾ ਹੈ,
- ਸਥਾਨਕ ਸਰਕਾਰਾਂ ਨੂੰ ਪਤਾ ਹੋਵੇਗਾ ਕਿ ਘਰ ਸਬੰਧੀ ਲੋੜਾਂ ਲਈ ਯੋਜਨਾ ਕਿਵੇਂ ਬਣਾਉਣੀ ਹੈ,
- ਸਿਹਤ ਦੇਖਭਾਲ ਪ੍ਰਦਾਤਾਵਾਂ ਨੂੰ ਪਤਾ ਹੋਵੇਗਾ ਕਿ ਉਹਨਾਂ ਨੂੰ ਆਪਣੇ ਆਲੇ ਦੁਆਲੇ ਦੀ ਅਬਾਦੀ ਲਈ ਕਿਸ ਤਰ੍ਹਾਂ ਦੀ ਦੇਖਭਾਲ ਨੂੰ ਪਹਿਲ ਦੇਣ ਦੀ ਲੋੜ ਹੈ,
- ਕਾਰੋਬਾਰੀਆਂ ਨੂੰ ਪਤਾ ਹੋਵੇਗਾ ਕਿ ਕਿੱਥੇ ਨਵੇਂ ਸਟੋਰ ਖੋਲ੍ਹਣੇ ਹਨ ਅਤੇ ਸੇਵਾਵਾਂ ਸ਼ੁਰੂ ਕਰਨੀਆਂ ਹਨ, ਅਤੇ
- ਵਕੀਲਾਂ ਕੋਲ ਭਾਈਚਾਰਕ ਸਦੱਸਾਂ ਦੀਆਂ ਜ਼ਿੰਦਗੀਆਂ ਨੂੰ ਬਿਹਤਰ ਬਣਾਉਣ ਵਿੱਚ ਮਦਦ ਲਈ ਡ੍ਰਾਫਟ ਵਾਸਤੇ ਸੂਚੀ ਅਤੇ ਨੀਤੀਆਂ ਬਣਾਉਣ ਵਾਸਤੇ ਕਾਰਜਨੀਤੀ ਹੋਵੇਗੀ।



## ਰਾਜਨੀਤਿਕ ਨੁਮਾਇੰਦਗੀ ਲਈ ਗਿਣਤੀ ਕਰਵਾਓ

ਜਨਗਿਣਤੀ ਸਬੰਧੀ ਸੂਚੀ ਇਹ ਯਕੀਨੀ ਬਣਾਉਣ ਲਈ ਮਹੱਤਵਪੂਰਨ ਹੈ ਕਿ ਸਰਕਾਰ ਵਿੱਚ ਤੁਹਾਡੀ ਅਵਾਜ਼ ਸੁਣੀ ਜਾਂਦੀ ਹੈ। ਡੇਟਾ ਇਹਨਾਂ ਕੰਮਾਂ ਲਈ ਵਰਤਿਆ ਜਾਂਦਾ ਹੈ:

- ਇਹ ਨਿਰਧਾਰਤ ਕਰਨਾ ਕਿ ਹਰ ਸੂਬੇ ਨੂੰ ਯੂ.ਐਸ. ਹਾਊਸ ਔਫ ਰਿਪ੍ਰੈਜ਼ੈਂਟੇਟਿਵਜ਼ (U.S. House of Representatives) ਵਿੱਚ ਕਿੰਨੀਆਂ ਸੀਟਾਂ ਮਿਲਦੀਆਂ ਹਨ, ਜੋ ਤੁਹਾਡੇ ਭਾਈਚਾਰੇ ਲਈ ਰਾਜਨੀਤਿਕ ਸੱਤਾ ਵਿੱਚ ਤਬਦੀਲੀ ਕਰਦਾ ਹੈ।
- ਸਰਕਾਰ ਦੇ ਸਾਰੇ ਮਹਿਕਮਿਆਂ ਵਿੱਚ ਰਾਜਨੀਤਿਕ ਜ਼ਿਲ੍ਹਾ ਨਕਸ਼ਿਆਂ ਨੂੰ ਦੁਬਾਰਾ ਬਣਾਉਣਾ।
- ਵੋਟਰਾਂ ਦੀ ਨਸਲ ਦੇ ਆਧਾਰ 'ਤੇ ਪੱਖਪਾਤ ਤੋਂ ਰੱਖਿਆ ਕਰਨਾ।
- ਇਹ ਯਕੀਨੀ ਬਣਾਉਣਾ ਕਿ ਅਧਿਕਾਰ ਖੇਤਰ ਵੋਟਰਾਂ ਨੂੰ ਭਾਸ਼ਾ ਸਹਾਇਤਾ ਮੁਹੱਈਆ ਕਰਦੇ ਹਨ।

## ਹਰ ਜਵਾਬ ਤੁਹਾਡੇ ਭਾਈਚਾਰੇ ਲਈ ਮਹੱਤਵਪੂਰਨ ਹੈ

ਕੁਝ ਭਾਈਚਾਰਿਆਂ ਦੀ ਖਾਸ ਤੌਰ 'ਤੇ "ਗਿਣਤੀ ਕਰਨਾ ਮੁਸ਼ਕਲ" ਹੁੰਦੀ ਹੈ ---ਇਸਦਾ ਮਤਲਬ ਹੈ ਕਿ ਇਹਨਾਂ ਭਾਈਚਾਰਿਆਂ ਵਿੱਚ, ਇਹ ਸੰਭਾਵਨਾ ਹੈ ਕਿ ਕਈ ਲੋਕ ਜਨਗਿਣਤੀ ਲਈ ਜਵਾਬ ਨਹੀਂ ਦੇਣਗੇ। ਇਸ ਨਾਲ ਜਨਗਿਣਤੀ ਵਿੱਚ ਅਨੁਪਾਤਹੀਣ ***ਘੱਟ ਗਿਣਤੀ*** (ਅੰਡਰਕਾਊਂਟ) ਹੁੰਦੀ ਹੈ---ਜਿੱਥੇ ਜਨਗਿਣਤੀ ਵਿੱਚ ਲਿੱਖੀ ਗਈ ਲੋਕਾਂ ਦੀ ਸੰਖਿਆ ਭਾਈਚਾਰੇ ਵਿੱਤ ਰਹਿਣ ਵਾਲੇ ਲੋਕਾਂ ਦੀ ਅਸਲੀ ਸੰਖਿਆ ਤੋਂ ਘੱਟ ਹੁੰਦੀ ਹੈ। ਜਿਹਨਾਂ ਭਾਈਚਾਰਿਆਂ ਦੀ ਇਤਿਹਾਸਕ ਤੌਰ 'ਤੇ ਗਿਣਨਾ ਕਰਨਾ ਮੁਸ਼ਕਲ ਹੈ, ਉਹਨਾਂ ਵਿੱਚ ਸ਼ਾਮਲ ਹਨ, ਜਾਤੀ ਸਬੰਧੀ ਅਤੇ ਨਸਲੀ ਅਲਪਸੰਖਿਅਕ ਵਰਗ, ਕਿਰਾਏਦਾਰ, ਸੀਮਿਤ ਅੰਗਰੇਜ਼ੀ ਕੁਸ਼ਲਤਾ ਵਾਲੇ ਲੋਕ, ਇਮੀਗ੍ਰੈਂਟ ਅਤੇ ਬੱਚੇ ਅਤੇ ਛੋਟੇ ਬੱਚੇ।

**2020 ਦੀ ਮਰਦਮਸ਼ੁਮਾਰੀ ਵਿੱਚ AANHPI ਭਾਈਚਾਰਿਆਂ ਦੀ ਘੱਟ ਗਿਣਤੀ ਹੋਣ ਦਾ ਖਤਰਾ ਹੈ**



**5 ਚੋਂ 1**

ਏਸ਼ੀਅਨ ਅਮਰੀਕੀ ਜਨਗਣਨਾ ਕਰਨ ਲਈ ਮੁਸ਼ਕਲ ਖੇਤਰਾਂ ਵਿਚ ਰਹਿੰਦੇ ਹਨ



**3 ਚੋਂ 1**

ਨੇਟਿਵ ਹਵਾਈਅਨ ਅਤੇ ਪੈਸੀਫਿਕ ਆਈਲੈਂਡਰ ਜਨਗਣਨਾ ਕਰਨ ਲਈ ਮੁਸ਼ਕਲ ਖੇਤਰਾਂ ਵਿੱਚ ਰਹਿੰਦੇ ਹਨ

ਬਹੁਤ ਸਾਰੇ ਏਸ਼ੀਆਈ ਅਮਰੀਕੀ, ਮੂਲ ਹਵਾਈਅਨ, ਅਤੇ ਪੈਸਿਫਿਕ ਆਈਲੈਂਡਰਸ ਅਜਿਹੇ ਗਵਾਂਢਾਂ ਵਿੱਚ ਰਹਿੰਦੇ ਹਨ, ਜਿਹਨਾਂ ਦੀ ਗਿਣਤੀ ਕਰਨਾ ਮੁਸ਼ਕਲ ਹੈ, ਜਿੱਥੇ ਗਰੀਬੀ ਅਤੇ ਬੇਰੋਜ਼ਗਾਰੀ ਦੀਆਂ ਉੱਚ ਦਰਾਂ ਹਨ, ਅਨੁਕੂਲ ਅਤੇ ਪੁੱਜਣਯੋਗ ਘਰ ਪ੍ਰਾਪਤ ਕਰਨ ਵਿੱਚ ਬਹੁਤ ਸਾਰੀਆਂ ਚੁਣੌਤੀਆਂ ਹੁੰਦੀਆਂ ਹਨ, ਸਿੱਖਿਆ ਸਬੰਧੀ ਨਿਮਨ ਯੋਗਤਾ ਅਤੇ ਭਾਸ਼ਾ ਸਬੰਧੀ ਬਹੁਤ ਸਾਰੀਆਂ ਰੁਕਾਵਟਾਂ ਹੁੰਦੀਆਂ ਹਨ। ਘੱਟ ਗਿਣਤੀ ਦੇ ਨਤੀਜੇ ਵਜੋਂ ਸਰਕਾਰੀ ਪੈਸਾ ਖੁੰਝ ਜਾਵੇਗਾ, ਜੋ ਏਸ਼ੀਆਈ ਅਮਰੀਕੀ, ਮੂਲ ਹਵਾਈਅਨ, ਅਤੇ ਪੈਸਿਫਿਕ ਆਈਲੈਂਡਰਸ ਦੀਆਂ ਲੋੜਾਂ 'ਤੇ ਤਵੱਜੋ ਦੇਣ ਦੇ ਲਈ ਖ਼ਰਚਿਆ ਜਾ ਸਕਦਾ ਸੀ।

ਜਨਗਿਣਤੀ ਵਿੱਚ ਹਰ ਵਿਅਕਤੀ ਦੀ ਹਿੱਸੇਦਾਰੀ ਇਹ ਯਕੀਨੀ ਬਣਾਉਣ ਲਈ ਮਹੱਤਵਪੂਰਨ ਹੈ ਕਿ ਸਾਡੇ ਭਾਈਚਾਰਿਆਂ ਦੀ 2020 ਵਿੱਚ ਪੂਰੀ ਤਰ੍ਹਾਂ ਗਿਣਤੀ ਹੋਵੇ ਅਤੇ ਆਉਣ ਵਾਲੇ ਦਹਾਕੇ ਲਈ ਉਹ ਆਪਣਾ ਉਚਿਤ ਹਿੱਸਾ ਪ੍ਰਾਪਤ ਕਰਨ।

*ਤੁਸੀਂ www.CountUsIn2020.org/resources 'ਤੇ ਜਨਗਿਣਤੀ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ।*